# ਦਫਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ,ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ. ਨੰ: 104-106, ਦੂਜੀ ਅਤੇ ਤੀਜੀ ਮੰਜ਼ਿਲ ਸੈਕਟਰ 34-ਏ, ਚੰਡੀਗੜ੍ਹ।

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਪੰਜਾਬ।

ਮੀਮੋ ਨੰ: ਐਸਐਸਏ/ਐਮਸੀ/2009/51444-51463
ਮਿਤੀ:-08/07/09 ਚੰਡੀਗੜ੍ਹ।

**ਵਿਸ਼ਾ :- ਸਿੱਖਿਆ ਸੁਧਾਰ ਸਬੰਧੀ।**

1.0 ਜਿਵੇਂ ਕਿ ਆਪ ਨੂੰ ਪਤਾ ਹੈ ਕਿ ਵਰ੍ਹਾ 2009-2010 ਕਵਾਲਟੀ ਵਰ੍ਹੇ ਦੇ ਤੌਰ ਤੇ ਨਿਰਧਾਰਤ ਕੀਤਾ ਗਿਆ ਹੈ। ਸਮੁੱਚੇ ਸਿੱਖਿਆ ਸੁਧਾਰ ਲਈ ਸਮੇਂ ਸਮੇਂ ਤੇ ਬਹੁਤ ਸਾਰੇ ਕਦਮ ਚੁੱਕੇ ਜਾ ਰਹੇ ਹਨ। ਇਹ ਮਹਿਸੂਸ ਕੀਤਾ ਗਿਆ ਹੈ ਕਿ ਅਧਿਆਪਕਾਂ ਦਾ ਪੜ੍ਹਾਈ ਵੱਲ ਹੋਰ ਜਿਆਦਾ ਸਮਾਂ ਲੱਗਣਾ ਚਾਹੀਦਾ ਹੈ। ਇਸ ਤਰ੍ਹਾਂ ਅਧਿਆਪਕ ਆਪਣੇ ਕੰਮ ਵੱਲ ਜਿਆਦਾ ਧਿਆਨ ਦੇ ਸਕਣਗੇ ਅਤੇ ਵਿੱਦਿਆ ਦਾ ਮਿਆਰ ਉੱਚਾ ਚੁੱਕਣ ਵਿੱਚ ਵਧੇਰੇ ਯੋਗਦਾਨ ਪਾਉਣਗੇ।

2.0 ਇਸ ਸਬੰਧ ਵਿੱਚ ਹੇਠ ਲਿਖੀਆਂ ਹਦਾਇਤਾਂ ਦਾ ਪਾਲਣ ਕੀਤਾ ਜਾਵੇ:

2.1 ਸਾਰੇ ਹਾਈ ਅਤੇ ਸੈਕੰਡਰੀ ਸਕੂਲਾਂ ਵਿੱਚ ਕਲਰਕ ਦੀਆਂ ਪੋਸਟਾਂ ਹਨ। ਸਾਰੇ ਫੰਡ ਅਤੇ ਫੀਸਾਂ ਸਕੂਲ ਦੇ ਕਲਰਕ ਦੁਆਰਾ ਜਮਾਤ ਅਨੁਸਾਰ ਦਿਨ ਨਿਸ਼ਚਿਤ ਕਰਕੇ ਇੱਕਠੇ ਕੀਤੇ ਜਾਣੇ। ਜੇਕਰ ਕਿਸੇ ਸਕੂਲ ਵਿੱਚ ਕਲਰਕ ਦੀ ਪੋਸਟ ਨਹੀਂ ਹੈ ਜਾਂ ਖਾਲੀ ਹੈ ਤਾਂ ਇਹ ਕੰਮ ਨਾਨ-ਟੀਚਿੰਗ ਸਟਾਫ ਤੋਂ ਲਿਆ ਜਾਵੇ।

2.2 ਹਰ ਮਹੀਨੇ ਮਾਪੇ ਅਧਿਆਪਕ ਮਿਲਣੀ ਵਾਸਤੇ ਹਰ ਮਹੀਨੇ ਦਾ ਅਖੀਰਲਾ ਕੰਮਕਾਜੀ ਦਿਨ ਜਦੋਂ ਬੱਚੇ ਨਹੀਂ ਹੁੰਦੇ ਨਿਸ਼ਚਤ ਕੀਤਾ ਜਾ ਰਿਹਾ ਹੈ ਇਸ ਦਿਨ ਮਾਪੇ ਅਧਿਆਪਕ ਮਿਲਣੀ ਕੀਤੀ ਜਾਣੀ ਯਕੀਨੀ ਬਣਾਈ ਜਾਵੇ।

2.2.1 ਇਸ ਦਿਨ ਸਕੂਲ ਦੇ ਵਕਤ ਦਾ ਅਖੀਰਲਾ ਇੱਕ ਘੰਟਾ ਨਿਸ਼ਚਤ ਕੀਤਾ ਜਾਵੇ।

2.2.2 ਮਾਪੇ ਅਧਿਆਪਕ ਮਿਲਣੀ ਬਾਰੇ ਵਿਦਿਆਰਥੀ ਨੂੰ ਘੱਟੋ ਘੱਟ ਦੋ ਦਿਨ ਪਹਿਲਾਂ ਤੋਂ ਸੁਚੇਤ ਕਰ ਦਿੱਤਾ ਜਾਵੇ ਤਾਂ ਜੋ ਮਾਪਿਆਂ ਨੂੰ ਸੁਨੇਹਾ ਮਿਲ ਸਕੇ।

2.2.3 ਇਸ ਮਿੱਲਣੀ ਦੌਰਾਨ ਬੱਚੇ ਦੁਆਰਾ ਲਏ ਗਏ ਮਹੀਨਾਵਾਰ ਟੈਸਟਾਂ ਦੇ ਨੰਬਰ ਮਾਪਿਆਂ ਨੂੰ ਦਿਖਾਏ ਜਾਣ ਅਤੇ ਉਹਨਾਂ ਦੇ ਦਸਖਤ/ਅੰਗੂਠੇ ਦਾ ਨਿਸ਼ਾਨ ਲਏ ਜਾਣ।

2.3 ਬੱਚਿਆਂ ਨੂੰ ਹਰ ਰੋਜ ਘਰ ਦਾ ਕੰਮ ਲਿਖਤੀ ਰੂਪ ਵਿੱਚ ਦਿੱਤਾ ਜਾਵੇ ਅਤੇ ਕਾਪੀਆਂ ਰੈਗੂਲਰ ਚੈੱਕ ਕੀਤੀਆਂ ਜਾਣ।

2.4 ਇਸ ਪੱਤਰ ਵਿੱਚ ਹਦਾਇਤ ਕੀਤੀ ਗਈ ਹੈ ਕਿ ਇਹ ਹਦਾਇਤਾਂ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਤੁਰੰਤ ਭੇਜ ਕੇ ਇਸ ਦਫਤਰ ਨੂੰ ਸੂਚਿਤ ਕੀਤਾ ਜਾਵੇ।

**ਡਾਇਰੈਕਟਰ ਜਨਰਲ ਸਕੂਲ**
**ਸਿੱਖਿਆ**
**ਪੰਜਾਬ,ਚੰਡੀਗੜ੍ਹ**